## ਛੋਟਾ ਤਸਮਾਨੀਆ ਵਾਸੀ

# ਕੇਟੀ ਦਾ ਬਗੀਚਾ




Shiloh Longbottom
(ਸ਼ਿਲੋਹ ਲੌਂਗਬੋਟਮ)
ਦੁਆਰਾ ਚਿੱਤਰਿਤ ਕੀਤਾ ਗਿਆ ਹੈ


Punjabi | ਪੰਜਾਬੀ



ਕਦੇ ਇੱਥੇ ਇੱਕ ਫੈਕਟਰੀ ਹੁੰਦੀ ਸੀ।
ਫਿਰ ਇਹ ਬੰਦ ਹੋ ਗਈ।
ਹੁਣ ਇਹ ਸਿਰਫ਼ ਇੱਕ ਖ਼ਾਲੀ ਥਾਂ ਹੈ,
ਜਿੱਥੇ ਬੱਚੇ ਵੀ ਨਹੀਂ ਖੇਡਦੇ ਹਨ।



ਕੇਟੀ ਇੱਕ ਤਸਮਾਨੀਅਨ ਕੁੜੀ ਹੈ,
ਜੋ ਨੇੜੇ ਹੀ ਰਹਿੰਦੀ ਹੈ।
ਉਹ ਇਸ ਭੁੱਲੀ-ਵਿਸਰੀ ਹੋਈ ਜਗ੍ਹਾ ਕੋਲੋਂ ਪੈਦਲ ਲੰਘਦੀ ਹੈ,
ਅਤੇ ਰੁਕ ਜਾਂਦੀ ਹੈ ਅਤੇ ਹੈਰਾਨ ਹੁੰਦੀ ਹੈ ਕਿ ਅਜਿਹਾ ਕਿਉਂ ਹੈ।




ਕੇਟੀ ਕਿਸੇ ਅਜਿਹੇ ਵਿਅਕਤੀ ਨੂੰ ਵੇਖਦੀ ਹੈ ਜਿਸਨੂੰ ਉਹ ਜਾਣਦੀ ਹੈ ਜੋ ਕਿ ਇੱਕ ਗ਼ਮਲਾ ਲੈ ਕੇ ਜਾ ਰਿਹਾ ਹੁੰਦਾ ਹੈ। ਉਹ ਹੈਰਾਨ ਹੁੰਦੀ ਹੈ ਕਿ ਕੀ ਇੱਕ ਜਾਂ ਦੋ ਪੌਦੇ ਉਸ ਥਾਂ ਵਿੱਚ ਬਹੁਤ ਸੁਧਾਰ ਕਰ ਸਕਦੇ ਹਨ।

ਜੌਨ ਕਹਿੰਦਾ ਹੈ ਕਿ ਇਹ ਆਸਾਨ ਨਹੀਂ ਹੋਵੇਗਾ,
ਪਰ ਉਹ ਕੁੱਝ ਰੁੱਖ ਲਗਾ ਸਕਦੇ ਹਨ।
"ਕਿਉਂ ਨਾ ਕੁੱਝ ਫੁੱਲ ਉਗਾਈਏ ਅਤੇ ਮਧੂ-ਮੱਖੀਆਂ
ਲਈ ਘਰ ਬਣਾਈਏ?"






ਚੀਜ਼ਾਂ ਨੂੰ ਮਿਲਕੇ ਇਕੱਠੇ ਬਣਾਉਣਾ ਉਹ ਚੀਜ਼ ਹੈ ਜੋ
ਅਸੀਂ ਇੱਥੇ ਕਰ ਰਹੇ ਹਾਂ।
ਸਾਡੇ ਗੁਆਂਢੀ ਸਾਡੀ ਮੱਦਦ ਲਈ ਆ ਜਾਂਦੇ ਹਨ।
ਉਹ ਸਭ, ਕੋਈ ਦੂਰੋਂ- ਕੋਈ ਨੇੜਿਓਂ ਆਉਂਦੇ ਹਨ।

ਸਰਦੀਆਂ ਵਿੱਚ, ਅਸੀਂ ਤਿਆਰ ਹੁੰਦੇ ਹਾਂ।
ਇੱਥੇ ਬਹੁਤ ਠੰਡ ਹੈ ਪਰ ਬਹੁਤ ਚਹਿਲ-ਪਹਿਲ ਵਾਲਾ ਹੈ।
ਮਾਰਸ ਬੀਜਾਂ ਦੀਆਂ ਥੈਲੀਆਂ ਲੈ ਕੇ ਆ ਗਈ ਹੈ।
ਬਾਕੀ ਦੇ ਦੋਸਤ ਵੀ ਪਹੁੰਚ ਚੁੱਕੇ ਹਨ।






ਇਹ ਕੰਮ ਔਖਾ ਹੈ। ਪਰ ਸਾਡੇ ਸੁਪਨੇ ਵੱਡੇ ਹਨ।
ਅਸੀਂ ਪੌਦੇ ਲਗਾਉਂਦੇ ਹਾਂ ਅਤੇ ਖੁਦਾਈ ਕਰਦੇ ਹਾਂ ਅਤੇ ਬੀਜ ਬੀਜਦੇ ਹਾਂ।
ਸਾਡੇ ਬਗੀਚੇ ਨੂੰ ਵੱਧਣ-ਫੁੱਲਣ ਵਿੱਚ ਮੱਦਦ ਕਰਨ ਲਈ, ਨਵੀਆਂ ਚੀਜ਼ਾਂ ਨੂੰ
ਸਿੱਖਣਾ ਅਤੇ ਅਜ਼ਮਾਉਣਾ ਮਜ਼ੇਦਾਰ ਹੈ।



ਡੇਵਿਡ ਆਪਣੇ ਔਜ਼ਾਰ ਲੈ ਕੇ ਆਉਂਦਾ ਹੈ।
ਅਸੀਂ ਇੱਕ ਬਗੀਚੇ ਦਾ ਸ਼ੈੱਡ ਬਣਾਉਂਦੇ ਹਾਂ।
ਮੀਂਹ ਪੈਂਦਾ ਹੈ ਅਤੇ ਫਿਰ ਸੂਰਜ ਨਿੱਕਲਦਾ ਹੈ।
ਅਸੀਂ ਫੁੱਲਾਂ ਦੀ ਕਿਆਰੀ ਦੀ ਦੇਖਭਾਲ ਕਰਦੇ ਹਾਂ।




ਲੈਦਰਵੁੱਡ ਅਤੇ ਬਾਸਕਟ ਗਰਾਸ ਨਾਮਕ
ਨਦੀਨ ਹਮੇਸ਼ਾ ਇੱਥੇ ਉੱਗ ਜਾਂਦੇ ਹਨ।
ਮੱਟਨ ਨਾਮਕ ਪੰਛੀ ਅਤੇ ਵੋਮਬੈਟ
ਦਿਖਾਈ ਦੇਣ ਲੱਗੇ ਹਨ।



ਗਰਮੀਆਂ ਵਿੱਚ ਸਾਨੂੰ ਪਾਣੀ ਦੀ ਲੋੜ ਹੁੰਦੀ ਹੈ।
ਕਾਰਲੀਟਾ ਨੂੰ ਪਤਾ ਹੈ ਕਿ ਇਹ ਕਿਵੇਂ ਕਰਨਾ ਹੈ।
ਇਹ ਹਮੇਸ਼ਾ ਤੋਂ ਇਸ ਤਰ੍ਹਾਂ ਹੀ ਰਿਹਾ ਹੈ।
ਇਸ ਲਈ ਅਸੀਂ ਠਹਿਰਦੇ ਹਾਂ।

ਕੇਟੀ ਇੱਕ ਤਸਮਾਨੀਅਨ ਕੁੜੀ ਹੈ।
ਉਸਨੇ ਇੱਕ ਖ਼ਾਲੀ ਥਾਂ ਚੁਣੀ ਅਤੇ
ਆਪਣੇ ਦੋਸਤਾਂ ਨਾਲ ਮਿਲ ਕੇ ਇੱਕ
ਬਗੀਚਾ ਬਣਾਉਣ ਲਈ ਕੰਮ ਕੀਤਾ।



ਸਾਡੇ ਸਾਰਿਆਂ ਕੋਲ ਆਪੋ-ਆਪਣੀ ਪ੍ਰਤਿਭਾ ਹੈ,
ਭਾਵੇਂ ਉਹ ਵੱਡੀ ਹੋਵੇ ਜਾਂ ਛੋਟੀ।
ਕੇਟੀ ਨੇ ਇਹ ਕਰ ਦਿਖਾਇਆ! ਤਾਂ ਕੀ ਤੁਸੀਂ ਇਹ ਕਰ ਸਕਦੇ ਹੋ...



ਦੇਖੋ!
ਸਾਡੇ ਸਾਰਿਆਂ ਵਿੱਚ ਇੱਕ ਛੋਟਾ ਜਿਹਾ ਤਸਮਾਨੀਆ ਵਾਸੀ ਹੈ।



## ਹਾਂ, ਇਹ ਤੁਸੀਂ ਹੋ।




## ਕੀ ਤੁਸੀਂ ਇਹ ਤਸਮਾਨੀਆਈ ਜਾਨਵਰ ਲੱਭ ਸਕਦੇ ਹੋ?

1 
ਪਲੈਟਿਪਸ

2 
ਤਸਮਾਨੀਆਈ ਡੱਡੂ

3 
ਤਸਮਾਨੀਆ ਦੇ ਲੰਬੇ ਕੰਨਾਂ ਵਾਲੇ ਚਮਗਿੱਦੜ

4 
ਐਮਪੇਰੋਰ ਗੰਮ ਨਾਮਕ ਤਿਤਲੀ

5 
ਆਮ ਵੋਮਬੈਟ

6 
ਤਸਮਾਨੀਅਨ ਡੇਵਿਲ

7 
ਫ਼ੋਰਟੀ-ਸਪੋਟਡ ਪਰਦਾਲੋਟਸ (ਚਾਲੀ-ਧੱਬਿਆਂ ਵਾਲੀ ਚਿੜੀ)

8 
ਆਸਟ੍ਰੇਲੀਅਨ ਵੁੱਡ ਬੱਤਖਾਂ

9 
ਛੋਟੀ ਚੁੰਝ ਵਾਲੇ ਈਕਿਡਨਾ

10 
ਈਸਟਰਨ ਬੈਰਡ ਬੈਂਡੀਕੂਟਸ



## ਜੌਨ ਕਾਮਾਰਾ

ਜੌਨ ਕਾਮਾਰਾ ਸ਼ਰਨਾਰਥੀ ਦੇ ਰੂਪ ਵਿੱਚ ਤਸਮਾਨੀਆ 'ਚ ਪਹੁੰਚਿਆ ਸੀ। ਹੁਣ, ਉਹ ਪ੍ਰਵਾਸੀਆਂ ਨੂੰ ਪੇਸ਼ ਆਉਂਦੀਆਂ ਪ੍ਰਣਾਲੀਗਤ ਚੁਣੌਤੀਆਂ ਨੂੰ ਉਜਾਗਰ ਕਰਨ ਲਈ ਕੰਮ ਕਰਦਾ ਹੈ, ਜਿਵੇਂ ਕਿ ਨਸਲਵਾਦ, ਮਜ਼ਦੂਰਾਂ ਦਾ ਸ਼ੋਸ਼ਣ, ਅਤੇ ਵਿਦੇਸ਼ੀ ਯੋਗਤਾਵਾਂ ਦੀ ਮਾਨਤਾ ਦੇਣ ਦੀ ਲੋੜ। ਜੌਨ ਪ੍ਰਵਾਸੀਆਂ ਨੂੰ ਨੌਕਰੀਆਂ ਅਤੇ ਰਿਹਾਇਸ਼ ਦੀ ਭਾਲ ਕਰਨ ਵਿੱਚ ਮੱਦਦ ਕਰਦਾ ਹੈ, ਅਤੇ ਉਹ ਬਹੁ-ਸੱਭਿਆਚਾਰਕ ਗੀਤ-ਮੰਡਲੀਆਂ ਵਿੱਚ ਸਰਗਰਮ ਹੈ। ਜੌਨ ਕਲਚਰਲੀ ਡਾਇਵਰਸ ਅਲਾਇੰਸ ਆਫ਼ ਤਸਮਾਨੀਆ ਦਾ ਸਹਿ-ਸੰਸਥਾਪਕ ਅਤੇ ਪ੍ਰਧਾਨ ਹੈ ਅਤੇ ਤਸਮਾਨੀਆ ਦੀ ਅਫ਼ਰੀਕਨ ਕਮਿਊਨਿਟੀਜ਼ ਕੌਂਸਲ ਦਾ ਸਹਿ-ਸੰਸਥਾਪਕ ਹੈ। ਉਹ ਸਾਲ 2023 ਲਈ ਤਸਮਾਨੀਅਨ ਆਸਟ੍ਰੇਲੀਅਨ ਆਫ਼ ਦਿ ਈਅਰ ਸੀ। ਜੌਨ ਅਤੇ ਉਸਦੀ ਪਤਨੀ, ਮੈਵਿਸ, ਨੇ ਕਾਮਾਰਾਜ਼ ਹਾਰਟ ਫਾਊਂਡੇਸ਼ਨ ਦੀ ਸਥਾਪਨਾ ਕੀਤੀ, ਜੋ ਕਿ ਸੀਅਰਾ ਲਿਓਨ ਅਤੇ ਘਾਨਾ ਵਿੱਚ ਵਿਦਿਆਰਥੀਆਂ ਲਈ ਵਿੱਦਿਅਕ ਸਰੋਤ ਪ੍ਰਦਾਨ ਕਰਨ ਵਾਲੀ ਇੱਕ ਗ਼ੈਰ-ਲਾਭਕਾਰੀ ਸੰਸਥਾ ਹੈ। ਜੌਨ ਅਤੇ ਉਸਦੇ ਪਰਿਵਾਰ ਲਈ, ਤਸਮਾਨੀਆ ਉਨ੍ਹਾਂ ਦਾ ਘਰ ਹੈ, ਅਤੇ ਉਸਦਾ ਟੀਚਾ ਭਾਈਚਾਰਾ ਅਤੇ ਸਾਰਿਆਂ ਲਈ ਇੱਕ ਬਿਹਤਰ, ਵਧੀਆ ਜੀਵਨ ਬਣਾਉਣਾ ਹੈ।



## ਮਾਰਸ ਬਟਫੀਲਡ-ਐਡੀਸਨ

ਮਾਰਸ ਬਟਫੀਲਡ-ਐਡੀਸਨ ਇੱਕ ਕੰਪਿਊਟਰ ਵਿਗਿਆਨੀ ਅਤੇ ਸਾਇੰਸ ਸੰਚਾਰਕ ਹੈ। ਉਹ ਆਪਣੇ ਜੀਵਨ ਅਤੇ ਸਿੱਖਿਆ ਵਿੱਚ ਇੱਕ ਨਵੀਂ ਸ਼ੁਰੂਆਤ ਦੀ ਭਾਲ ਕਰਨ ਲਈ ਇੱਕ ਯੁਵਾ ਵਿਅਕਤੀ ਵਜੋਂ ਤਸਮਾਨੀਆ ਚਲੀ ਗਈ ਸੀ। ਇੱਕ ਟੈਕਨਾਲੋਜਿਸਟ ਵਜੋਂ, ਮਾਰਸ ਨੇ ਵਿਜ਼ੂਅਲ ਡਿਜ਼ਾਈਨ, ਜਨਤਕ ਸਿਹਤ, ਹਵਾਬਾਜ਼ੀ ਖੇਤਰ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਹੈ। ਹੁਣ, ਤਸਮਾਨੀਆ ਯੂਨੀਵਰਸਿਟੀ ਵਿੱਚ, ਉਹ ਸੈਟੇਲਾਈਟਾਂ ਅਤੇ ਪੁਲਾੜ ਦੇ ਮਲਬੇ ਨੂੰ ਟਰੈਕ ਕਰਨ ਲਈ ਰੇਡੀਓ ਟੈਲੀਸਕੋਪਾਂ ਨਾਲ ਕੰਮ ਕਰਦੀ ਹੈ। ਮਾਰਸ ਜਨਤਕ ਅਤੇ ਸਕੂਲ ਵਿਚਲੇ STEM ਪ੍ਰੋਗਰਾਮਾਂ ਰਾਹੀਂ ਹਜ਼ਾਰਾਂ ਲੋਕਾਂ ਤੱਕ ਪਹੁੰਚੀ ਹੈ, ਅਤੇ ਉਸਨੇ ਆਸਟ੍ਰੇਲੀਆ ਦੇ ਆਲੇ-ਦੁਆਲੇ ਸਕੂਲਾਂ ਅਤੇ ਸਾਇੰਸ ਸਮਾਗਮਾਂ ਵਿੱਚ ਵਰਤੀਆਂ ਜਾਣ ਵਾਲੀਆਂ ਵਿੱਦਿਅਕ ਐਪਾਂ ਅਤੇ ਗੇਮਾਂ ਨੂੰ ਵਿਕਸਿਤ ਕੀਤਾ ਹੈ। ਮਾਰਸ ਉਸ ਪੁਰਾਣੀ ਮਿੱਥ ਨੂੰ ਤੋੜਨ ਦੀ ਕੋਸ਼ਿਸ਼ ਕਰਦੀ ਹੈ ਕਿ ਤੁਹਾਨੂੰ ਵਧੀਆ ਮੌਕੇ ਲੱਭਣ ਲਈ ਤਸਮਾਨੀਆ ਛੱਡਣ ਦੀ ਲੋੜ ਹੈ, ਅਤੇ ਇੱਥੋਂ ਤੱਕ ਕਿ ਨੰਨ੍ਹੇ-ਮੁੰਨ੍ਹੇ ਤਸਮਾਨੀਆਈਆਂ ਨੂੰ ਆਪਣੇ ਆਲੇ ਦੁਆਲੇ ਦੇ ਵਿਗਿਆਨ ਅਤੇ ਸੁੰਦਰਤਾ ਦੀ ਕਦਰ ਕਰਨ ਲਈ ਪ੍ਰੇਰਿਤ ਕਰਦੀ ਹੈ।



## ਡੇਵਿਡ ਫੋਸਟਰ

ਡੇਵਿਡ ਫੋਸਟਰ OAM, ਇੱਕ ਵਿਸ਼ਵ ਚੈਂਪੀਅਨ ਲੱਕੜਹਾਰੇ, ਨੂੰ ਅਕਸਰ ਆਸਟਰੇਲੀਆ ਦਾ ਸਭ ਤੋਂ ਵੱਧ ਸਫ਼ਲ ਐਥਲੀਟ ਕਿਹਾ ਜਾਂਦਾ ਹੈ। ਡੇਵਿਡ ਉੱਤਰੀ ਪੱਛਮੀ ਤਸਮਾਨੀਆ ਵਿੱਚ ਵੱਡਾ ਹੋਇਆ ਹੈ ਅਤੇ ਉਸਨੇ ਆਪਣੇ ਪਿਤਾ ਨਾਲ ਦੋ-ਹੱਥਿਆ ਵਾਲੀ ਆਰਾ ਟੀਮ ਵਿੱਚ ਆਪਣਾ ਪਹਿਲਾ ਵਿਸ਼ਵ ਖਿਤਾਬ ਜਿੱਤਿਆ ਸੀ। ਉਸਨੇ ਕਈ ਵਿਸ਼ਵ ਰਿਕਾਰਡ ਤੋੜੇ ਅਤੇ ਲਗਾਤਾਰ 21 ਸਾਲਾਂ ਤੱਕ ਵਿਸ਼ਵ ਖਿਤਾਬ ਆਪਣੇ ਨਾਮ ਕੀਤੇ। ਉਹ ਦੁਨੀਆ ਦੀ ਕਿਸੇ ਵੀ ਖੇਡ ਵਿੱਚ ਵੱਖ-ਵੱਖ ਪੱਧਰਾਂ 'ਤੇ 1,000 ਤੋਂ ਵੱਧ ਖਿਤਾਬ ਜਿੱਤਣ ਵਾਲਾ ਇਕਲੌਤਾ ਅਥਲੀਟ ਹੋ ਸਕਦਾ ਹੈ। ਡੇਵਿਡ ਨੂੰ 2020 ਵਿੱਚ ਸਪੋਰਟ ਆਸਟ੍ਰੇਲੀਆ ਹਾਲ ਆਫ਼ ਫੇਮ ਵਿੱਚ ਸ਼ਾਮਲ ਕੀਤਾ ਗਿਆ ਸੀ, ਅਤੇ ਉਸਨੂੰ ਤਸਮਾਨੀਅਨ ਆਸਟ੍ਰੇਲੀਅਨ ਆਫ਼ ਦਿ ਈਅਰ ਅਤੇ ANZAC, ਸੈਂਟੇਨਾਰੀ, ਅਤੇ ਆਰਡਰ ਆਫ਼ ਆਸਟ੍ਰੇਲੀਆ ਮੈਡਲ ਸਮੇਤ ਵਰਗੇ ਸਨਮਾਨ ਪ੍ਰਾਪਤ ਹੋਏ ਹਨ। ਉਹ ਬਜ਼ੁਰਗਾਂ ਦੀ ਦੇਖਭਾਲ, ਪੁਰਸ਼ਾਂ ਦੀ ਸਿਹਤ, ਅਤੇ LGBTQIA+ ਅਧਿਕਾਰਾਂ ਲਈ ਇੱਕ ਪ੍ਰਚਾਰਕ ਹੈ। ਡੇਵਿਡ ਲਈ, ਤਸਮਾਨੀਆ ਰਹਿਣ ਲਈ ਦੁਨੀਆ ਦੀ ਸਭ ਤੋਂ ਵਧੀਆ ਥਾਂ ਹੈ। ਉਹ ਚਾਹੁੰਦਾ ਹੈ ਕਿ ਹਰ ਯੁਵਾ ਤਸਮਾਨੀਆ ਵਾਸੀ ਜਾਣੇ ਕਿ ਜੇਕਰ ਉਹ ਆਪਣੇ ਆਪ 'ਤੇ ਵਿਸ਼ਵਾਸ ਕਰਦੇ ਹਨ ਤਾਂ ਉਨ੍ਹਾਂ ਦੇ ਸੁਪਨੇ ਸਾਕਾਰ ਹੋ ਸਕਦੇ ਹਨ।



## ਕਾਰਲੀਟਾ ਥਾਮਸ

ਕਾਰਲੀਟਾ ਥਾਮਸ ਉੱਤਰ-ਪੂਰਬੀ ਲੁਟਰੁਵਿਟਾ/ਤਸਮਾਨੀਆ ਦੀ ਇੱਕ ਮਾਣਮੱਤੀ ਪਾਕਾਨਾ ਔਰਤ ਹੈ। ਕਾਰਲੀਟਾ ਦਾ ਜਨਮ ਟਰੂਵਾਨਾ/ਕੇਪ ਬੈਰਨ ਆਈਲੈਂਡ 'ਤੇ ਹੋਇਆ ਅਤੇ ਉਹ ਉੱਥੇ ਹੀ ਵੱਡੀ ਹੋਈ ਹੈ, ਜਿੱਥੇ ਉਹ ਆਪਣੇ ਪਰਿਵਾਰ ਨਾਲ ਪੰਛੀਆਂ ਦਾ ਸ਼ਿਕਾਰ ਕਰਨ ਜਾਣਾ ਪਸੰਦ ਕਰਦੀ ਹੈ। ਕਾਰਲੀਟਾ ਅਵਾਰਡ ਜੇਤੂ ਵੁਕਲੀਨਾ ਵਾਕ ਦੀ ਸੰਸਥਾਪਕ ਗਾਈਡ ਸੀ, ਜੋ ਕਿ ਵੁਕਲੀਨਾ (ਮਾਊਂਟ ਵਿਲੀਅਮ ਨੈਸ਼ਨਲ ਪਾਰਕ) ਅਤੇ ਲਾਰਾਪੁਨਾ (ਬੇਅ ਆਫ ਫਾਇਰਜ਼) ਵਿਖੇ ਪਲਾਵਾ ਦੀ ਮਲਕੀਅਤ ਵਾਲੀ ਅਤੇ ਸੰਚਾਲਿਤ ਸੈਰ-ਸਪਾਟਾ ਅਨੁਭਵ ਹੈ। ਕਾਰਲੀਟਾ ਕਹਿੰਦੀ ਹੈ, "ਜਦੋਂ ਮੈਂ ਪਹਿਲੀ ਵਾਰ ਵੁਕਲੀਨਾ ਆਈ ਸੀ, ਉਹ ਪਹਿਲੀ ਵਾਰ ਸੀ ਜਦੋਂ ਮੈਂ ਆਪਣੇ ਅਸਲ ਵਤਨ ਆਈ ਸੀ।" "ਇਹ ਉਹੀ ਥਾਂ ਹੈ ਜਿੱਥੇ ਉੱਤਰ-ਪੂਰਬੀ ਰਾਸ਼ਟਰ ਦਾ ਟਰੂਲਵੇ ਕਬੀਲਾ ਰਹਿੰਦਾ ਸੀ। ਅਸੀਂ ਪਿੱਛਿਓਂ ਮਾਨਲਾਰਗੇਨਾ ਨਾਲ ਜੁੜਦੇ ਹਾਂ। ਮੈਂ ਆਪਣੇ ਪੁਰਵਜਾਂ ਦੀ ਮੌਜੂਦਗੀ ਵਿੱਚ, ਜਿਵੇਂ ਮੈਂ ਕੇਪ ਬੈਰਨ ਵਿੱਚ ਆਪਣੇ ਘਰ ਵਿੱਚ ਹੋਣ ਵਾਂਗ ਮਹਿਸੂਸ ਕਰਦੀ ਹਾਂ, ਉਸ ਤਰ੍ਹਾਂ ਦੇ ਸੰਬੰਧ ਦੀ ਭਾਵਨਾ ਮਹਿਸੂਸ ਕੀਤੀ। ਜਦੋਂ ਮੈਂ ਸ਼ੁਰੂਆਤ ਕੀਤੀ, ਮੇਰੇ ਕੋਲ ਲੋਕਾਂ ਦੇ ਸਮੂਹਾਂ ਨਾਲ ਗੱਲ ਕਰਨ ਦਾ ਅਨੁਭਵ ਨਹੀਂ ਸੀ। ਮੈਨੂੰ ਹਾਈ ਸਕੂਲ ਵਿੱਚ ਅਜਿਹਾ ਕੋਈ ਵਿਸ਼ਵਾਸ ਨਹੀਂ ਸੀ। ਤੁਹਾਨੂੰ ਸਮੇਂ ਦੇ ਨਾਲ ਤੁਹਾਨੂੰ ਮਜ਼ਬੂਤ ਹੋਣ ਲਈ ਸਿਰਫ਼ ਕੁੱਝ ਲੋਕਾਂ ਦੀ ਜ਼ਰੂਰਤ ਹੈ ਜੋ ਤੁਹਾਡੇ ਵਿੱਚ ਸੰਭਾਵਨਾਵਾਂ ਦੇਖਦੇ ਹਨ।"




Brand Tasmania (ਬ੍ਰਾਂਡ ਤਸਮਾਨੀਆ)
ਹੋਬਾਰਟ, ਤਸਮਾਨੀਆ, ਆਸਟ੍ਰੇਲੀਆ | littletasmanian.com.au
ਪਟਕਥਾ ਅਤੇ ਚਿੱਤਰਾਂਕਨ ਕਾਪੀਰਾਈਟ © ਬ੍ਰਾਂਡ ਤਸਮਾਨੀਆ 2024
ਸਾਰੇ ਹੱਕ ਰਾਖਵੇਂ ਹਨ।
ਕੈਟਾਲਾਗ-ਇਨ-ਪਬਲੀਕੇਸ਼ਨ ਵੇਰਵੇ ਆਸਟ੍ਰੇਲੀਆ ਦੀ ਨੈਸ਼ਨਲ ਲਾਇਬ੍ਰੇਰੀ ਤੋਂ ਉਪਲਬਧ ਹਨ
ISBN 978-0-6459835-6-2
Shiloh Longbottom (ਸ਼ਿਲੋਹ ਲੌਂਗਬੋਟਮ) ਦੁਆਰਾ ਡਿਜ਼ਾਈਨ ਅਤੇ ਚਿੱਤਰਿਤ ਕੀਤਾ ਗਿਆ ਹੈ

ਨਾਲ-ਨਾਲ ਪੜ੍ਹੋ + ਹੋਰ ਜਾਣੋ:

Forty South PUBLISHING

TASMANIAN

ISBN 9780645983562